


15 ਮਾਰਚ ਤੋਂ ਸ਼ੁਰੂ ਕਰਦਿਆਂ ਲੋਕਾਂ ਦੇ ਹੇਠ ਲਿਖੇ ਗਰੁੱਪ ਆਪਣੀਆਂ ਵੈਕਸੀਨ ਐਪੁਆਇੰਟਮੈਂਟਾਂ ਬੁੱਕ ਕਰ ਸਕਦੇ ਹਨ।

➡️ 1947-1956 ਵਿਚ ਜਨਮੇ ਐਲਬਰਟਾ ਨਿਵਾਸੀ, ਭਾਵੇਂ ਉਹ ਕਿਤੇ ਵੀ ਰਹਿੰਦੇ ਹੋਣ

➡️ 1971 ਜਾਂ ਇਸ ਤੋਂ ਪਹਿਲਾਂ ਜਨਮੇ ਫਸਟਨੇਸ਼ਨਜ਼, ਮੈਟਿਸ ਅਤੇ ਇੰਨਿਊਟ ਲੋਕ

➡️ ਲਾਇਸੈਂਸਸ਼ੁਦਾ ਸਹਾਇਕੀ ਰਿਹਾਇਸ਼ਾਂ ਦੇ ਸਟਾਫ ਅਤੇ ਨਿਵਾਸੀ, ਜਿਹੜੇ ਫੇਜ਼ 1 'ਚ ਸ਼ਾਮਲ ਨਹੀਂ ਕੀਤੇ ਗਏ

ਬੁੱਕਿੰਗ ਹੇਠ ਲਿਖੀਆਂ ਥਾਵਾਂ 'ਤੇ ਹੋ ਸਕਦੀਆਂ ਹਨ:

✔ ਫਾਰਮੇਸੀ: ਉੱਪਰ ਦੱਸੇ ਸਾਰੇ ਯੋਗ ਉਮਰ ਦੇ ਗਰੁੱਪ 15 ਮਾਰਚ ਤੋਂ ਸ਼ੁਰੂ ਕਰਦਿਆਂ ਭਾਗ ਲੈ ਰਹੀ ਫਾਰਮੇਸੀ 'ਤੇ ਬੁੱਕਿੰਗ ਕਰ ਸਕਦੇ ਹਨ, ਤੁਹਾਡੇ ਜਨਮ ਸਾਲ ਦੀ ਕੋਈ ਗੱਲ ਨਹੀਂ। ਭਾਗ ਲੈ ਰਹੀ ਫਾਰਮੇਸੀ ਲੱਭਣ ਲਈ ਵੇਖੋ: https://www.ab.bluecross.ca/.../covid-19-immunization...

✔

ਏ ਐੱਚ ਐੱਸ (ਆਨਲਾਈਨ ਜਾਂ 811): ਬੁੱਕਿੰਗ ਜਨਮ ਦੇ ਸਾਲ ਅਨੁਸਾਰ ਖੋਲ੍ਹੀਆਂ ਜਾਣਗੀਆਂ, ਇਕ ਸਮੇਂ ਇਕ ਹੀ ਸਾਲ। 15 ਮਾਰਚ - 1947 'ਚ ਜਨਮੇ ਲੋਕ ਜਾਂ ਫਸਟ ਨੇਸ਼ਨਜ਼, ਮੈਟਿਸ, ਇੰਨਿਊਟ ਜੋ 1962 'ਚ ਜਨਮੇ। ਹਰੇਕ ਅਗਲੇ ਦਿਨ ’ਤੇ ਇਕ ਹੋਰ ਅਗਲਾ ਸਾਲ ਜੋੜਿਆ ਜਾਇਆ ਕਰੇਗਾ

✔ ਰਿਜ਼ਰਵ ਜਾਂ ਸੈਟਲਮੈਂਟ ਉੱਪਰ: ਪਹੁੰਚ ਉਸੇ ਤਰ੍ਹਾਂ ਪ੍ਰਾਪਤ ਹੋਵੇਗੀ ਜਿਵੇਂ ਫੇਜ਼ 1 'ਚ 65+ ਦੀ ਉਮਰ ਵਾਲਿਆਂ ਲਈ ਹੈ

Alberta.ca/vaccine